**ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ।**

**(ਸੈਕੰਡਰੀ ਸਿਖਿਆ ਸ਼ਾਖਾ)**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ.ਸਿ./ਐ.ਸਿ.) ਪੰਜਾਬ।
2. ਸਮੂਹ ਸਰਕਾਰੀ,ਮਾਨਤਾ ਪ੍ਰਾਪਤ, ਪ੍ਰਾਈਵੇਟ ਏਡਿਡ ਅਤੇ ਪ੍ਰਾਈਵੇਟ ਸਕੂਲਾਂ ਦੇ ਮੁਖੀ (ਵੈਬ-ਸਾਈਟ ਰਾਹੀਂ)

ਮੀਮੋ ਨੰ. DPISE-SEDU0GENL/4/2021-SE/2022207168

ਮਿਤੀ: ਐਸ.ਏ.ਐਸ. ਨਗਰ 04-08-2022

ਵਿਸ਼ਾ:- ਕੋਵਿਡ ਵੈਕਸੀਨ ਅੰਮ੍ਰਿਤ ਮਹਾਂਉਤਸਵ ਸਬੰਧੀ।

1.0 ਭਾਰਤ ਸਰਕਾਰ ਸਿਖਿਆ ਮੰਤਰਾਲਿਆ, ਸਕੂਲ ਸਿਖਿਆ ਅਤੇ ਲਿਟਰੇਸੀ ਵਿਭਾਗ ਵੱਲੋਂ ਕੋਵਿਡ ਵੈਕਸੀਨ ਮਹਾਂਉਤਸਵ ਮਨਾਇਆ ਜਾ ਰਿਹਾ ਹੈ। ਇਹ 75 ਦਿਨਾਂ ਦਾ ਜਨ ਅਭਿਆਨ ਕੋਵਿਡ ਵੈਕਸੀਨ ਅੰਮ੍ਰਿਤ ਮਹਾਂਉਤਸਵ ਅਜਾਦੀ ਦਾ ਅੰਮ੍ਰਿਤ ਮਹਾਂਉਤਸਵ ਦਾ ਇੱਕ ਹਿੱਸਾ ਹੈ। ਇਸ ਮੁਹਿੰਮ ਦਾ ਉਦੇਸ਼ ਵੱਧ ਤੋਂ ਵੱਧ ਯੋਗ ਅਬਾਦੀ ਨੂੰ ਕੋਵਿਡ ਵੈਕਸੀਨ/ਸਾਵਧਾਨੀ ਖੁਰਾਕ ਦੇਣਾ ਹੈ।

2.0 ਇਸ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਭਾਰਤ ਸਰਕਾਰ, ਮਨਿਸਟਰੀ ਆਫ ਹੈਲਥ ਅਤੇ ਫੈਮਲੀ ਵੈਲਫੇਅਰ ਵੱਲੋਂ ਕੋਵਿਡ ਵੈਕਸੀਨੇਸ਼ਨ ਅੰਮ੍ਰਿਤ ਮਹਾਉਤਸਵ ਲਈ ਬੈਨਰ ਪ੍ਰਵਾਨਤ ਕੀਤਾ ਗਿਆ ਹੈ ਜੋ ਕਿ ਹਿੰਦੀ ਅਤੇ ਅੰਗਰੇਜੀ ਵਿੱਚ ਗੂਗਲ ਡਰਾਈਵ ਲਿੰਕ https://drive.google.com/drive/folders/lcoqRGwwfQPSfYtlfgEX8xldyJc-uL6Xz ਤੇ ਮੌਜੂਦ ਹੈ। ਬੈਨਰ ਦਾ ਨਮੂਨਾ ਪੱਤਰ ਨਾਲ ਵੀ ਨੱਥੀ ਕੀਤਾ ਜਾ ਰਿਹਾ ਹੈ। ਇਸ ਨੂੰ ਸਕੂਲਾਂ ਦੇ ਨੇੜੇ, ਪਿੰਡਾਂ ਵਿੱਚ ਅਤੇ ਸੋਸ਼ਲ ਮੀਡੀਆ ਤੇ ਵੱਧ ਤੋਂ ਵੱਧ ਸ਼ੇਅਰ ਕੀਤਾ ਜਾਵੇ।

3.0 ਆਪੋ-ਆਪਣੇ ਜਿਲ੍ਹੇ ਦੇ ਸਬੰਧਤ ਸਿਹਤ ਅਧਿਕਾਰੀਆਂ/ਕਰਮਚਾਰੀਆਂ ਨਾਲ ਤਾਲਮੇਲ ਕਰਕੇ ਹੇਠ ਲਿਖੀਆਂ ਕੈਟਾਗਰੀਆਂ ਲਈ ਵੈਕਸੀਨੇਸ਼ਨ ਕੈਂਪ ਲਗਵਾਉਣ ਦੇ ਪ੍ਰਬੰਧ ਕੀਤੇ ਜਾਣ:-

(ੳ) ਹਰੇਕ ਸਕੂਲ ਦੇ 12 ਤੋਂ 18 ਸਾਲ ਦੇ ਉਹ ਵਿਦਿਆਰਥੀ ਜਿਨ੍ਹਾਂ ਦੀ ਦੂਜੀ ਡੋਜ਼ ਡਿਊ ਹੈ

(ਅ) ਸਕੂਲਾਂ ਦੇ ਟੀਚਿੰਗ/ ਨਾਨ ਟੀਚਿੰਗ ਸਟਾਫ ਜਿਨ੍ਹਾਂ ਦੀ ਸਾਵਧਾਨੀ ਖੁਰਾਕ ਡਿਊ ਹੈ ਅਤੇ ਸਿਖਿਆ ਵਿਭਾਗ ਅਤੇ ਰਾਜ/ਜਿਲ੍ਹੇ/ਬਲਾਕ/ਕਲਸਟਰ ਪੱਧਰ ਦੇ ਹੋਰ ਖੁਦਮੁਖਤਿਆਰ ਮਹਿਕਮਿਆਂ/ਸੰਸਥਾਵਾਂ ਦੇ ਸਮੂਹ ਕਰਮਚਾਰੀ ਅਤੇ ਉਹਨਾਂ ਦੇ ਪਾਰਿਵਾਰਿਕ ਮੈਂਬਰਾਂ ਜਿਨ੍ਹਾਂ ਦੀ ਕੋਈ ਵੀ ਖੁਰਾਕ ਡਿਊ ਹੈ।

4.0 ਸਕੂਲ ਸਿਖਿਆ ਅਤੇ ਸਾਖਰਤਾ ਵਿਭਾਗ, ਭਾਰਤ ਸਰਕਾਰ ਵੱਲੋਂ ਪੱਤਰ ਭੇਜਦੇ ਹੋਏ ਸਮੂਹ ਰਾਜਾਂ/ਯੂ.ਟੀਜ ਦੇ ਸਕੂਲਾਂ ਵਿੱਚ ਟੀਚਿੰਗ/ਨਾਨ-ਟੀਚਿੰਗ ਸਟਾਫ ਦੀ ਵੈਕਸੀਨੇਸ਼ਨ ਦੀ ਸਥਿਤੀ ਨੂੰ ਗੂਗਲ ਟਰੈਕਰ ਲਿੰਕ ਤੇ ਅਪਲੋਡ ਕਰਨ ਲਈ ਹਦਾਇਤ ਕੀਤੀ ਗਈ ਹੈ। ਜਿਵੇਂ ਕਿ ਪਹਿਲਾਂ ਵੀ ਸਕੂਲ ਮੁਖੀਆਂ ਵੱਲੋਂ ਵੈਕਸੀਨੇਸ਼ਨ ਸਬੰਧੀ ਸੂਚਨਾ ਪੋਰਟਲ ਤੇ ਅਪਲੋਡ ਕੀਤੀ ਜਾ ਰਹੀ ਹੈ। ਮੁੜ

ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਟੀਚਿੰਗ/ਨਾਨ ਟੀਚਿੰਗ ਸਟਾਫ ਦੀ ਕੋਵਿਡ-19 ਦੇ ਬਚਾਅ ਲਈ ਵੈਕਸੀਨ ਸਬੰਧੀ ਸੂਚਨਾ ਸਟਾਫ ਆਈ.ਡੀ ਵਿੱਚ ਅਤੇ ਵਿਦਿਆਰਥੀਆਂ ਸਬੰਧੀ ਸੂਚਨਾ ਸਕੂਲ ਦੇ ਲਾਗ-ਇਨ ਆਈ.ਡੀ. ਰਾਹੀਂ ਈ-ਪੰਜਾਬ ਪੋਰਟਲ ਤੇ ਹਰ ਰੋਜ਼ ਅਪਲੋਡ ਕੀਤੀ ਜਾਵੇ। ਇਸ ਤੋਂ ਇਲਾਵਾ ਸਮੂਹ ਜਿਲ੍ਹਾ ਸਿਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪ੍ਰੋਫਾਰਮਾ ਸਿਹਤ ਵਿਭਾਗ ਦੇ ਸਹਿਯੋਗ ਨਾਲ ਭਰ ਕੇ ਸੂਚਨਾ ਈਮੇਲ ਆਈਡੀ secsupdt@gmail.com ਤੇ ਹਰ ਸ਼ੁਕਰਵਾਰ ਨੂੰ ਭੇਜੀ ਜਾਵੇ।

5.0 12 ਤੋਂ 18 ਸਾਲ ਦੇ ਬੱਚਿਆਂ ਨੂੰ ਟੀਕਾਕਰਨ ਲਈ ਉਹਨਾਂ ਦੇ ਮਾਤਾ-ਪਿਤਾ ਦੀ ਸਹਿਮਤੀ ਅਤੇ ਮੌਜੂਦਗੀ ਯਕੀਨੀ ਬਣਾਈ ਜਾਵੇ ਅਤੇ ਟੀਕਾਕਰਨ ਦੀ ਕੁੱਲ ਸੰਖਿਆ ਦਾ ਡਾਟਾ ਰਿਪੋਰਟਿੰਗ ਦੇ ਉਦੇਸ਼ ਲਈ ਰੱਖਿਆ ਜਾਵੇ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ.)

1602283/2022/SECONDARY EDUCATION-DPISE

